ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਮੂਹ ਅਧਿਐਨ ਕੇਂਦਰ ਮੁਖੀ,
(ਪੰਜਾਬ ਓਪਨ ਸਕੂਲ)

ਨੰਬਰ (32816) ਪਸਸਬ/ਓ.ਸ/2026.....142.....ਮਿਤੀ.....13-10-2026

ਵਿਸ਼ਾ- ਓਪਨ ਸਕੂਲ ਅਕਾਦਮਿਕ ਸਾਲ 2026-27 ਦਸਵੀਂ/ਬਾਰ੍ਹਵੀਂ ਵਿਦਿਆਰਥੀਆਂ ਦੇ ਦਾਖਲਾ ਫ਼ਾਰਮਾਂ ਦੀਆਂ ਹਾਰਡ ਕਾਪੀਆਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਖੇਤਰੀ ਦਫ਼ਤਰਾਂ ਵਿੱਚ ਜਮ੍ਹਾਂ ਕਰਵਾਉਣ ਸਬੰਧੀ।

ਵਿਸ਼ਾ ਅੰਕਿਤ ਮਾਮਲੇ ਦੇ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਓਪਨ ਸਕੂਲ ਪ੍ਰਣਾਲੀ ਅਧੀਨ ਅਧਿਐਨ ਕੇਂਦਰਾਂ ਵਿੱਚ ਦਾਖਲ ਹੋ ਰਹੇ ਵਿਦਿਆਰਥੀਆਂ ਦੇ ਵੇਰਵੇ ਪ੍ਰਤੀਦਿਨ ਹਰ ਅਧਿਐਨ ਕੇਂਦਰ ਦੀ login ID ਤੇ ਅਪਲੋਡ ਹੋ ਰਹੇ ਹਨ। ਹਰ ਅਧਿਐਨ ਕੇਂਦਰ ਪ੍ਰਬੰਧਕ ਵੱਲੋਂ ਆਪਣੇ ਕੇਂਦਰ ਅਧੀਨ ਦਾਖਲ ਹੋਏ ਸਾਰੇ ਵਿਦਿਆਰਥੀਆਂ ਦੇ ਦਾਖਲਾ ਫ਼ਾਰਮਾਂ ਦੀਆਂ ਹਾਰਡ ਕਾਪੀਆਂ ਦੀਆਂ ਦੋ ਪਰਤਾਂ, ਵਿਦਿਆਰਥੀਆਂ ਦੀ ਸੂਚੀ ਸਮੇਤ, ਯੋਗਤਾ ਸਬੰਧੀ ਦਸਤਾਵੇਜ਼ਾਂ ਦੀ ਪੂਰਨ ਪੜਤਾਲ ਕਰਨ ਉਪਰੰਤ ਮੁਕੰਮਲ ਦਾਖਲਾ ਫਾਰਮ ਹਰ ਹਾਲ ਵਿੱਚ ਮਿਤੀ 15-11-2026 ਤੱਕ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਬੰਧਤ ਖੇਤਰੀ ਦਫਤਰਾਂ ਵਿਖੇ ਜਮ੍ਹਾਂ ਕਰਵਾਏ ਜਾਣੇ ਯਕੀਨੀ ਬਣਾਏ ਜਾਣ। ਮਿੱਥੀ ਮਿਤੀ ਤੱਕ ਦਾਖਲਾ ਫਾਰਮ ਜਮ੍ਹਾਂ ਕਰਵਾਉਣ ਦੀ ਸਮੁੱਚੀ ਜਿਮੇਵਾਰੀ ਸਬੰਧਤ ਅਧਿਐਨ ਕੇਂਦਰ ਮੁੱਖੀ ਦੀ ਹੋਵੇਗੀ।

14/10/26
ਸਹਾਇਕ ਸਕੱਤਰ (ਓਪਨ ਸਕੂਲ)
ਵਾ: ਸਕੱਤਰ ਪੰਜਾਬ ਸਕੂਲ ਸਿੱਖਿਆ ਬੋਰਡ।

ਪਿੱਠਅੰਕਣ ਨੰਬਰ (32816)ਪਸਸਬ/ਓ.ਸ/2026.....143.....ਮਿਤੀ.....13-10-2026
ਉਪਰੋਕਤ ਅਨੁਸਾਰ ਕਾਰਵਾਈ ਕਰਨ ਲਈ ਪੱਤਰ ਦਾ ਉਤਾਰਾ ਸਮੂਹ ਜਿਲ੍ਹਾ ਮੈਨੇਜਰਾਂ ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਭੇਜਿਆ ਜਾਂਦਾ ਹੈ।

14/10/26
ਸਹਾਇਕ ਸਕੱਤਰ (ਓਪਨ ਸਕੂਲ)
ਵਾ: ਸਕੱਤਰ ਪੰਜਾਬ ਸਕੂਲ ਸਿੱਖਿਆ ਬੋਰਡ।

Scanned with CamScanner